

Australian Banking Association

# ਆਪਣੇ ਆਪ ਨੂੰ ਸੁਰੱਖਿਅਤ ਰੱਖੋ: ਘੋਟਾਲਿਆਂ ਅਤੇ ਧੋਖੇਬਾਜ਼ੀ ਤੋਂ ਸੁਚੇਤ ਰਹੋ

ਆਉਣ ਵਾਲੇ ਮਹੀਨਿਆਂ ਵਿੱਚ COVID-19 ਸਰੂਪ ਦੇ ਘੋਟਾਲਿਆਂ ਅਤੇ ਧੋਖੇਬਾਜ਼ੀ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

ਘੋਟਾਲਾ ਕਰਨ ਵਾਲੇ ਝੂਠੀਆਂ ਈਮੇਲਾਂ, ਫੋਨ ਕਾਲਾਂ ਜਾਂ ਟੈਕਸਟ ਮੈਸੇਜ਼ ਵਰਤ ਕੇ ਨਿੱਜੀ ਜਾਣਕਾਰੀ ਲੈਣ ਦੀ ਕੋਸ਼ਿਸ਼ ਅਤੇ ਪ੍ਰਾਪਤ ਕਰਦੇ ਹਨ। ਉਹ ਵਿਖਾਵਾ ਕਰਨਗੇ ਕਿ ਉਹ ਤੁਹਾਡੀ ਬੈਂਕ, ਸੰਸਾਰ ਸਿਹਤ ਸੰਗਠਨ, ਸਰਕਾਰੀ, ਦਾਨੀ ਸੰਸਥਾਂਵਾਂ ਜਾਂ ਅਸਲੀ ਕਾਰੋਬਾਰ ਹਨ ਜਿਵੇਂ ਕਿ ਟਰੈਵਲ ਏਜੰਟ, ਬਿਜਲੀ, ਫੋਨ ਜਾਂ ਇੰਟਰਨੈਟ ਪ੍ਰਦਾਨ ਕਰਨ ਵਾਲੇ, ਜਾਂ ਤੁਹਾਡਾ ਸਥਾਨਿਕ ਖਰੀਦਦਾਰੀ ਕੇਂਦਰ।

## ਆਪਣੇ ਆਪ ਦਾ ਬਚਾਅ ਕਰੋ

ਤੁਹਾਡੀ ਬੈਂਕ ਕਦੇ ਵੀ ਤੁਹਾਨੂੰ ਈਮੇਲ ਜਾਂ ਟੈਕਸਟ ਮੈਸੇਜ਼ ਭੇਜ ਕੇ ਕਿਸੇ ਖਾਤੇ ਜਾਂ ਵਿੱਤੀ ਵਿਸਥਾਰ ਬਾਰੇ ਨਹੀਂ ਪੁੱਛੇਗੀ, ਇਸ ਵਿੱਚ ਤੁਹਾਡੇ ਪਤੇ ਦਾ ਨਵੀਨੀਕਰਣ ਜਾਂ ਫੋਨ, ਮੋਬਾਈਲ ਜਾਂ ਇੰਟਰਨੈਟ ਬੈਂਕਿੰਗ ਦੇ ਲੌਗ-ਇਨ ਵੇਰਵੇ ਸ਼ਾਮਲ ਹਨ।

ਸਰਕਾਰੀ ਅਤੇ ਦੂਸਰੀਆਂ ਅਸਲੀ ਸੰਸਥਾਂਵਾਂ ਤੁਹਾਨੂੰ ਕਦੇ ਵੀ ਲਿੰਕ ਉਪਰ ਕਲਿੱਕ ਕਰਕੇ ਵੇਰਵਿਆਂ ਦਾ ਨਵੀਨੀਕਰਣ ਕਰਨ ਲਈ ਕਹਿਣਗੀਆਂ। ਜੇਕਰ ਸ਼ੱਕ ਹੋਵੇ ਤਾਂ, ਦੋਸਤ ਜਾਂ ਪਰਿਵਾਰ ਦੇ ਜੀਅ ਨਾਲ ਗੱਲ ਕਰੋ, ਜਾਂ ਸੰਸਥਾ ਨੂੰ ਸਿੱਧਾ ਸੰਪਰਕ ਕਰੋ ਅਤੇ ਪੁੱਛੋ।

ਜੇਕਰ ਤੁਹਾਨੂੰ ਕਿਸੇ ਵੱਲੋਂ ਫੋਨ ਆਉਂਦਾ ਹੈ ਜਿਸ ਨੂੰ ਤੁਸੀਂ ਨਹੀਂ ਜਾਣਦੇ ਅਤੇ ਉਹ ਨਿੱਜੀ ਜਾਣਕਾਰੀ ਪੁੱਛ ਰਿਹਾ ਹੈ, ਫੋਨ ਬੰਦ ਕਰ ਦਿਓ। ਕੰਪਨੀ ਨੂੰ ਸਿੱਧਾ ਫੋਨ ਕਰੋ ਅਤੇ ਪਤਾ ਕਰੋ ਕਿ ਜੇ ਉਹਨਾਂ ਨੇ ਫੋਨ ਕੀਤਾ ਸੀ।

ਜਿਹੜੇ ਲੋਕਾਂ ਜਾਂ ਸੰਸਥਾਂਵਾਂ ਨੂੰ ਤੁਸੀਂ ਨਹੀਂ ਜਾਣਦੇ ਉਹਨਾਂ ਤੋਂ ਆਈਆਂ ਅਟੈਚਮੈਂਟਾਂ ਨੂੰ ਕਦੇ ਨਾ ਖੋਲ੍ਹੋ। ਉਹਨਾਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ ਸੱਚੀਆਂ ਹੋਣ ਲਈ ਬਹੁਤ ਜ਼ਿਆਦਾ ਵਧੀਆ ਲੱਗਦੀਆਂ ਹਨ ਜਾਂ ਜੋ ਬਹੁਤ ਜ਼ਿਆਦਾ ਜਾਣਕਾਰੀ ਮੰਗਦੀਆਂ ਹਨ।

## ਤੁਹਾਡੀ ਬੈਂਕ ਸਹਾਇਤਾ ਕਰ ਸਕਦੀ ਹੈ, ਉਹਨਾਂ ਨੂੰ ਤੁਰੰਤ ਸੰਪਰਕ ਕਰੋ ਜੇਕਰ:

- ਤੁਸੀਂ ਆਪਣੇ ਬੈਂਕ ਦੇ ਵੇਰਵੇ ਧੋਖੇ ਵਾਲੀ ਫੋਨ ਕਾਲ, ਈਮੇਲ ਜਾਂ ਟੈਕਸਟ ਦੇ ਜਵਾਬ ਵਿੱਚ ਸਾਂਝੇ ਕੀਤੇ ਹਨ
- ਤੁਸੀਂ ਅਚਾਨਕ ਕਿਸੇ ਲਿੰਕ ਉਪਰ ਕਲਿੱਕ ਕਰ ਲਿਆ ਹੈ ਜਾਂ ਕੋਈ ਅਟੈਚਮੈਂਟ ਡਾਊਨਲੋਡ ਕਰ ਲਈ ਹੈ
- ਤੁਸੀਂ ਆਪਣੇ ਖਾਤਿਆਂ ਵਿੱਚ ਕੋਈ ਅਸਾਧਾਰਣ ਲੈਣ ਦੇਣ ਵੇਖਿਆ ਹੈ।

## ਘੋਟਾਲੇ ਦਾ ਪਤਾ ਕਿਵੇਂ ਲਗਾਉਣਾ ਹੈ

- ਤੁਹਾਨੂੰ ਆਪਣੇ ਪਤੇ, ਜਨਮ ਦੀ ਤਰੀਕ, ਬੈਂਕ ਦੇ ਖਾਤੇ ਦੇ ਵੇਰਵੇ, ਟੈਕਸ ਫਾਈਲ ਨੰਬਰ ਜਾਂ ਕੋਈ ਪਿਨ ਜਾਂ ਪਾਸਵਰਡ ਦੇ ਸਮੇਤ ਨਿੱਜੀ ਵੇਰਵਿਆਂ ਦਾ ਨਵੀਨੀਕਰਣ ਜਾਂ ਪੁਸ਼ਟੀ ਕਰਨ ਨੂੰ ਕਿਹਾ ਜਾਂਦਾ ਹੈ।
- ਈਮੇਲ ਜਾਂ ਟੈਕਸਟ ਮੈਸੇਜ਼ ਵਿੱਚ ਲਿੰਕ ਹੈ ਜੋ ਸ਼ੱਕੀ ਲੱਗ ਰਿਹਾ ਹੈ। ਜੇਕਰ ਤੁਹਾਨੂੰ ਯਕੀਨ ਨਹੀਂ ਹੈ, ਦੋਸਤ ਜਾਂ ਪਰਿਵਾਰ ਦੇ ਜੀਅ ਨੂੰ ਸਹਾਇਤਾ ਲਈ ਕਹੋ।
- ਤੁਹਾਨੂੰ ਤੁਰੰਤ ਭੁਗਤਾਨ ਕਰਨ ਜਾਂ ਪਹਿਲਾਂ ਪੇਸ਼ਗੀ ਦੇਣ ਲਈ ਕਿਹਾ ਜਾਂਦਾ ਹੈ।
- ਜੇਕਰ ਪੇਸ਼ਕਸ਼ ਸੱਚੀ ਹੋਣ ਲਈ ਬਹੁਤ ਵਧੀਆ ਲੱਗਦੀ ਹੈ, ਸੰਭਾਵਨਾ ਹੈ ਕਿ ਇਹ ਹੈ।
- ਈਮੇਲ ਦਾ ਪਤਾ ਕੰਪਨੀ ਨਾਲ ਮੇਲ ਨਹੀਂ ਖਾਂਦਾ ਹੈ।
- ਫੋਨ ਕਰਨ ਵਾਲਾ ਤੁਹਾਡੇ ਕੰਪਿਊਟਰ ਨੂੰ ਦੂਰੋਂ ਬੈਠ ਕੇ ਚਲਾਉਣਾ ਚਾਹੁੰਦਾ ਹੈ।

Australian Banking Association

www.ausbanking.org.au

## ਆਪਣੀ ਵਿੱਤੀ ਜਾਣਕਾਰੀ ਨੂੰ ਘੋਟਾਲਿਆਂ ਅਤੇ ਧੋਖੇਬਾਜ਼ੀ ਤੋਂ ਬਚਾਉਣ ਲਈ ਵਧੀਆ ਸੁਝਾਅ

- ਸ਼ੱਕੀ ਫੋਨ ਕਾਲਾਂ ਨੂੰ ਬੰਦ ਕਰ ਦਿਓ, ਇਸ ਦੇ ਬਜਾਏ ਕੰਪਨੀ ਦੀ ਵੈਬਸਾਈਟ ਉਪਰ ਜਾਓ ਜਾਂ ਉਹਨਾਂ ਦਾ ਨੰਬਰ ਲੱਭੋ ਅਤੇ ਉਹਨਾਂ ਨੂੰ ਸਿੱਧਾ ਫੋਨ ਕਰੋ।
- ਕਦੇ ਵੀ ਆਪਣੇ ਪਾਸਵਰਡਾਂ ਜਾਂ ਪਿੰਨਾਂ ਨੂੰ ਕਿਸੇ ਨੂੰ ਨਾ ਦੱਸੋ। ਆਪਣੇ ਜੰਤਰਾਂ ਨੂੰ ਪਾਸਵਰਡ ਨਾਲ ਬਚਾਓ। ਜੇਕਰ ਤੁਸੀਂ ਇਕ ਸਾਂਝਾ ਕੰਪਿਊਟਰ ਵਰਤ ਰਹੇ ਹੋ, ਪਾਸਵਰਡਾਂ ਨੂੰ ਕਦੇ ਵੀ ਜਮ੍ਹਾਂ ਨਾ ਕਰੋ ਅਤੇ ਹਮੇਸ਼ਾਂ ਆਪਣੇ ਖਾਤੇ ਵਿੱਚੋਂ ਬਾਹਰ ਨਿਕਲੋ।
- ਆਪਣੇ ਬੈਂਕ ਖਾਤਿਆਂ ਨੂੰ ਬਾਕਾਇਦਾ ਜਾਂਚੋ ਤਾਂ ਜੋ ਤੁਸੀਂ ਸ਼ੱਕੀ ਲੈਣ ਦੇਣ ਨੂੰ ਜਲਦੀ ਵੇਖ ਸਕੋ।
- ਖਰੀਦਦਾਰੀ ਕਰਨ ਲੱਗਿਆਂ ਆਪਣੇ ਕਾਰਡ ਨੂੰ ਸਵਾਈਪ ਕਰਨ ਤੋਂ ਪਰਹੇਜ਼ ਕਰੋ। ਕਾਰਡ ਨੂੰ ਛੁਹਾਉਣਾ ਅਤੇ ਮਸ਼ੀਨ ਵਿੱਚ ਪਾਉਣਾ ਆਮ ਤੌਰ ਤੇ ਵਧੇਰੇ ਸੁਰੱਖਿਅਤ ਹੁੰਦੇ ਹਨ।
- ਕਰੈਡਿਟ ਕਾਰਡਾਂ ਉਪਰ ਨਕਦੀ ਕਢਵਾਉਣ ਉੱਤੇ ਰੋਕ ਲਗਾ ਦਿਓ।
- ਆਪਣੇ ਖਾਤੇ ਦਾ ਬਚਾਅ ਕਰਨ ਲਈ ਸਭ ਤੋਂ ਵਧੀਆ ਤਰੀਕੇ ਬਾਰੇ ਆਪਣੀ ਬੈਂਕ ਨਾਲ ਗੱਲ ਕਰੋ।
- ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਨਾਲ ਘੋਟਾਲਾ ਹੋਇਆ ਹੈ ਤੁਰੰਤ ਆਪਣੀ ਬੈਂਕ ਨੂੰ ਸੂਚਿਤ ਕਰੋ।

## ਬਹੁਤ ਸਾਰੇ ਤਰੀਕੇ ਹਨ ਜਿੰਨ੍ਹਾਂ ਦੀ ਵਰਤੋਂ ਠੱਗ ਤੁਹਾਡੇ ਕੋਲੋਂ ਚੋਰੀ ਕਰਨ ਲਈ ਕਰ ਸਕਦੇ ਹਨ, ਇਹਨਾਂ ਵਿੱਚੋਂ ਮੁੱਖ ਇਹ ਹਨ।

**ਫਸਾਉਣਾ (ਫਿਸ਼ਿੰਗ)** – ਇਹ ਵਿਖਾਵਾ ਕਰਕੇ ਕਿ ਉਹ ਵਿਸ਼ਵਾਸ਼ਯੋਗ ਜਗ੍ਹਾ ਜਿਵੇਂ ਬੈਂਕ, ਦਾਨੀ ਸੰਸਥਾ, ਜਾਂ ਸਰਕਾਰ ਤੋਂ ਹਨ ਤੁਹਾਡੀ ਨਿੱਜੀ ਜਾਣਕਾਰੀ ਪ੍ਰਾਪਤ ਕਰਨ ਲਈ ਈਮੇਲ ਜਾਂ ਟੈਕਸਟ ਵਰਤੀ ਜਾਂਦੀ ਹੈ। ਸੁਨੇਹਾ ਸੱਚਾ ਲੱਗਦਾ ਹੈ ਅਤੇ ਅਕਸਰ ਤੁਹਾਨੂੰ ਝੂਠੀ ਵੈਬਸਾਈਟ ਉਪਰ ਨਿੱਜੀ ਜਾਣਕਾਰੀ ਪਾਉਣ ਲਈ ਕਿਹਾ ਜਾਂਦਾ ਹੈ ਜਾਂ ਤੁਹਾਨੂੰ ਲਿੰਕ ਉਪਰ ਕਲਿੱਕ ਕਰਨ ਲਈ ਕਿਹਾ ਜਾਂਦਾ ਹੈ - ਇਸ ਨਾਲ ਠੱਗ ਨੂੰ ਤੁਹਾਡੇ ਕੰਪਿਊਟਰ ਅਤੇ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਦੀ ਆਗਿਆ ਮਿਲ ਜਾਂਦੀ ਹੈ।

**ਔਨਲਾਈਨ ਖਰੀਦਦਾਰੀ ਦੇ ਘੋਟਾਲੇ** – ਝੂਠੀ ਵੈਬਸਾਈਟ ਜਾਂ ਵੇਚਣ ਵਾਲੀ ਅਸਲੀ ਸਾਈਟ ਉਪਰ ਝੂਠਾ ਇਸ਼ਤਿਹਾਰ ਦੇ ਕੇ, ਘੋਟਾਲਾ ਕਰਨ ਵਾਲੇ ਵਿਖਾਵਾ ਕਰਦੇ ਹਨ ਕਿ ਉਹ ਸੱਚੀਆਂ ਔਨਲਾਈਨ ਦੁਕਾਨਾਂ ਹਨ। ਝੂਠੀਆਂ ਔਨਲਾਈਨ ਸਾਈਟਾਂ ਅਕਸਰ ਭੁਗਤਾਨ ਦੇ ਅਸਾਧਾਰਣ ਤਰੀਕਿਆਂ ਲਈ ਬੇਨਤੀ ਕਰਨਗੀਆਂ ਜਿਵੇਂ ਕਿ ਮਨੀਆਰਡਰ, ਵਾਇਰ ਟਰਾਂਸਫਰ, ਅੰਤਰ-ਰਾਸ਼ਟਰੀ ਫੰਡ ਟਰਾਂਸਫਰ ਜਾਂ ਗਿਫਟ ਕਾਰਡਾਂ ਰਾਹੀਂ ਪਹਿਲਾਂ ਪੇਸ਼ਗੀ ਲੈਣਾ।

**ਨਿਵੇਸ਼ ਦੇ ਘੋਟਾਲੇ** – ਘੋਟਾਲਾ ਕਰਨ ਵਾਲੇ ਵਿੱਤੀ ਜਾਂ ਨਿਵੇਸ਼ ਦੀ ਸਲਾਹ ਦੇਣ ਵਾਲੇ ਸਟੌਕ ਬਰੌਕਰ ਜਾਂ ਪੋਰਟਫੋਲੀਓ ਮੈਨੇਜਰ ਹੋਣ ਦਾ ਦਾਅਵਾ ਕਰਦੇ ਹਨ। ਉਹ ਤੁਹਾਨੂੰ ਨਿਵੇਸ਼ ਦੇ ਅਵਸਰ ਵਾਸਤੇ ਪੈਸੇ ਦੇਣ ਲਈ ਕਹਿਣਗੇ ਜੋ ਹੋ ਸਕਦਾ ਹੈ, ਜਾਂ ਨਹੀਂ ਹੋ ਸਕਦਾ ਕਿ ਸੱਚ ਹੋਵੇ, ਫਿਰ ਉਹ ਤੁਹਾਡੇ ਪੈਸੇ ਰੱਖ ਲੈਣਗੇ।

**ਦੂਰੋਂ ਬੈਠ ਕੇ ਪਹੁੰਚ ਵਾਲੇ ਘੋਟਾਲੇ** – ਘੋਟਾਲਾ ਕਰਨ ਵਾਲੇ ਦਾਅਵਾ ਕਰਨਗੇ ਕਿ ਤੁਹਾਡੇ ਕੰਪਿਊਟਰ ਜਾਂ ਇੰਟਰਨੈਟ ਕੁਨੈਕਸ਼ਨ ਵਿੱਚ ਕੁਝ ਖਰਾਬੀ ਹੈ, ਜਾਂ ਇਸ ਵਿੱਚ ਵਾਇਰਸ ਆ ਗਿਆ ਹੈ। ਉਹ ਤੁਹਾਨੂੰ ਮਨਾਉਣ ਦੀ ਕੋਸ਼ਿਸ਼ ਕਰਨਗੇ ਕਿ ਆਪਣੇ ਕੰਪਿਊਟਰ ਉੱਤੇ ਪ੍ਰੋਗਰਾਮ ਪਾਓ ਜਾਂ ਉਹਨਾਂ ਨੂੰ ਕੰਪਿਊਟਰ ਵਿੱਚ ਦਖਲ ਦੇਣ ਦਿਓ। ਉਹ ਇਸ ਨੂੰ ਵਰਤ ਕੇ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨਗੇ ਜਾਂ ਸਮੱਸਿਆ ਨੂੰ ਹੱਲ ਕਰਨ ਲਈ 'ਫੀਸ' ਦੀ ਮੰਗ ਕਰਨਗੇ।

**ਰਿਸ਼ਤਿਆਂ ਅਤੇ ਤਰੀਕਾਂ ਉੱਤੇ ਜਾਣ ਵਾਲੇ ਘੋਟਾਲੇ** – ਘੋਟਾਲਾ ਕਰਨ ਵਾਲੇ ਪੈਸੇ ਕਢਵਾਉਣ ਜਾਂ ਤੋਹਫੇ ਲੈਣ ਲਈ ਤੁਹਾਡੇ ਨਾਲ ਰਿਸ਼ਤਾ ਕਾਇਮ ਕਰਨਗੇ। ਸਮਾਂ ਬੀਤਣ ਦੇ ਨਾਲ ਉਹ ਰਿਸ਼ਤਾ ਵਿਕਸਤ ਕਰਨਗੇ ਅਤੇ ਤੁਹਾਨੂੰ ਜਾਇਦਾਦ ਉਹਨਾਂ ਦੇ ਨਾਮ ਕਰਨ ਲਈ ਕਹਿਣਗੇ ਜਾਂ ਤੁਹਾਡੀ ਵਸੀਅਤ ਦੇ ਉਤਰ-ਅਧਿਕਾਰੀ ਬਣਨ ਲਈ ਕਹਿਣਗੇ। ਅਕਸਰ, ਉਹ ਸਿਹਤ, ਸਫਰ ਜਾਂ ਪਰਿਵਾਰਕ ਸਮੱਸਿਆ ਨੂੰ ਠੀਕ ਕਰਨ ਲਈ ਪੈਸੇ ਮੰਗਣਗੇ।

## ਲਾਭਦਾਇਕ ਲਿੰਕ:

www.ausbanking.org.au/safe-savvy-a-guide-to-help-older-people-avoid-abuse-scams-and-fraud

www.esafety.gov.au/seniors/staying-safer-online

www.scamwatch.gov.au/

**ਮਹੱਤਵਪੂਰਣ ਟਿੱਪਣੀ:** ਇਹ ਤੱਥ ਸ਼ੀਟ ਆਮ ਤਰ੍ਹਾਂ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਕਿਸੇ ਖਾਸ ਮੁੱਦੇ ਵਾਸਤੇ ਸਲਾਹ ਵਜੋਂ ਤੁਹਾਡੇ ਦੁਆਰਾ ਭਰੋਸਾ ਕਰਨ ਦੇ ਉਦੇਸ਼ ਲਈ ਨਹੀਂ ਹੈ। ਤੁਹਾਨੂੰ ਆਪਣੀ ਬੈਂਕ ਨਾਲ ਸੰਪਰਕ ਕਰਨਾ ਚਾਹੀਦਾ ਹੈ ਕਿ ਇਹ ਜਾਣਕਾਰੀ ਕਿਵੇਂ ਤੁਹਾਡੇ ਹਾਲਾਤਾਂ ਉਪਰ ਲਾਗੂ ਹੁੰਦੀ ਹੈ।